VIGILANCE BUREAU, PUNJAB

# VIGILANCE NABS ITI SUPERINTENDENT FOR ACCEPTING BRIBE

Chandigarh, February 8:

Vigilance Bureau Punjab today nabbed Superintendent of ITI Moga red handed accepting bribe of Rs. 20,000.

Disclosing this here an official spokesperson of the Vigilance Bureau said that Jasveer Singh, Superintendent-cum Group Instructor of ITI Moga was caught on the complaint of Narinderpal Singh, Chairman of Amar Shaheed Bhagat Singh ITI, Moga.

The complainant has approached the VB and alleged that the above said accused was demanding Rs. 20,000 more from him for helping the students during the ongoing examination in Amar Shaheed Bhagat Singh ITI. The complainant said that he had already paid Rs. 20,000 to Jasveer Singh Superintendent on February 5, 2018 and demanding 20,000 more from him.

After verifying his information, the Vigilance team laid a trap and the accused superintendent arrested on the spot while accepting bribe of Rs.20,000 from the complainant in the presence of two official witnesses.

He informed that cases under Prevention of Corruption Act have been registered against the accused at VB police station Ferozepur and further investigations were under progress

----------------

ਵਿਜੀਲੈਂਸ਼ ਬਿਓਰੋ, ਪੰਜਾਬ

## ਆਈ.ਟੀ.ਆਈ ਦਾ ਸੁਪਰਡੰਟ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 8 ਫਰਵਰੀ :

ਵਿਜੀਲੈਂਸ ਬਿਓਰੋ, ਪੰਜਾਬ ਨੇ ਅੱਜ ਆਈ.ਟੀ.ਆਈ ਮੋਗਾ ਵਿਖੇ ਤਾਇਨਾਤ ਸੁਪਰਡੰਟ ਨੂੰ 20,000 ਰੁਪਏ ਰਿਸ਼ਵਤ ਲੈਂਦਿਆ ਕਾਬੂ ਕੀਤਾ।

ਅੱਜ ਇਥੇ ਵਿਜੀਲੈਂਸ ਬਿਓਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਆਈ.ਟੀ.ਆਈ ਮੋਗਾ ਵਿਖੇ ਤਾਇਨਾਤ ਸੁਪਰਡੰਟ ਜਸਵੀਰ ਸਿੰਘ ਨੂੰ ਨਰਿੰਦਰਪਾਲ ਸਿੰਘ, ਚੇਅਰਮੈਨ ਅਮਰ ਸ਼ਹੀਦ ਭਗਤ ਸਿੰਘ ਆਈ.ਟੀ.ਆਈ ਮੋਗਾ ਦੀ ਸ਼ਿਕਾਇਤ ਤੇ ਗ੍ਰਿਫਤਾਰ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਅਮਰ ਸ਼ਹੀਦ ਭਗਤ ਸਿੰਘ ਆਈ.ਟੀ.ਆਈ. ਮੋਗਾ ਦੇ ਵਿਦਿਆਰਥੀਆਂ ਦੇ ਪੇਪਰ ਪੰਜਾਬ ਆਈ.ਟੀ.ਆਈ. ਮੋਗਾ ਸੈਂਟਰ ਵਿਖੇ ਚੱਲ ਰਹੇ ਹਨ ਅਤੇ ਜਸਵੀਰ ਸਿੰਘ ਆਈ.ਟੀ.ਆਈ. ਮੋਗਾ ਸੈਂਟਰ ਵਿਖੇ ਬਤੌਰ ਸੁਪਰਡੰਟ ਤਾਇਨਾਤ ਹੈ। ਜਸਵੀਰ ਸਿੰਘ ਸੁਪਰਡੰਟ ਵਲੋਂ ਅਮਰ ਸ਼ਹੀਦ ਭਗਤ ਸਿੰਘ ਆਈ.ਟੀ.ਆਈ. ਦੇ ਵਿਦਿਆਰਥੀਆਂ ਦੀ ਪੇਪਰਾਂ ਵਿੱਚ ਮਦਦ ਕਰਨ ਅਤੇ ਉਨ੍ਹਾ ਨੂੰ ਤੰਗ ਪ੍ਰੇਸ਼ਾਨ ਨਾ ਕਰਨ ਦੇ ਬਦਲੇ 20,000/-ਰੁਪਏ ਰਿਸ਼ਵਤ ਦੀ ਮੰਗ ਕੀਤੀ ਗਈ ਹੈ। ਸ਼ਿਕਾਇਤਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਸ ਵਲੋਂ 5 ਫਰਵਰੀ 2018 ਨੂੰ ਉਕਤ ਸੁਪਰਡੰਟ ਨੂੰ 20,000/-ਰੁਪਏ ਬਤੌਰ ਰਿਸ਼ਵਤ ਵਜੋਂ ਪਹਿਲਾਂ ਹੀ ਅਦਾ ਕੀਤੇ ਜਾ ਚੁੱਕੇ ਹਨ ਅਤੇ ਸੁਪਰਡੰਟ ਵਲੋਂ 20,000 ਰੁਪਏ ਦੀ ਹੋਰ ਮੰਗ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਸੁਪਰਡੰਟ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ।

ਉਕਤ ਦੋਸ਼ੀ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਫਿਰੋਜਪੁਰ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

------------------